# ਯੂਨਾਈਟਿਡ ਸਿੱਖਸ ਨੇ ਕੇਰਲ ਦੇ ਹੜ੍ਹ ਪੀੜਤਾਂ ਦੀ ਫੜੀ ਬਾਂਹ, ਕੀਤਾ ਮਨੁੱਖਤਾਵਾਦੀ ਰਾਹਤ ਪ੍ਰੋਗਰਾਮ ਸ਼ੁਰੂ

*ਸਭ ਤੋਂ ਵੱਧ ਪ੍ਰਭਾਵਿਤ ਕਬਾਇਲੀ ਇਲਾਕਿਆਂ ਦੇ ਲੋਕਾਂ ਨੂੰ ਹੋਰ ਸਿਹਤ ਸਬੰਧੀ ਖ਼ਤਰਿਆਂ ਤੋਂ ਬਚਾਉਣ ਲਈ ਸਿਹਤ ਸੁਧਾਰਕ ਸਮੱਗਰੀ ਭੇਜੀ*

**ਕੇਰਲ, ਭਾਰਤ:** ਜਿਵੇਂ ਕਿ ਕੇਰਲ ਨੇ ਇਸ ਸਦੀ ਦੇ ਸਭ ਤੋਂ ਭਿਆਨਕ ਹੜ੍ਹਾਂ ਦੀ ਮਾਰ ਝੱਲੀ ਹੈ, ਤਾਂ ਪਾਣੀ ਦਾ ਵਾਪਸ ਉੱਤਰਦਾ ਵਹਾਅ ਇਸ ਲਈ ਹੋਰ ਵੀ ਖ਼ਤਰੇ ਲੈਕੇ ਆ ਰਿਹਾ ਹੈ, ਸਥਾਨਕ ਅਫ਼ਸਰਾਂ ਨੇ ਹੜ੍ਹਾਂ ਤੋਂ ਬਾਅਦ ਸਿਹਤ ਲਈ ਹੋਣ ਵਾਲੇ ਖ਼ਤਰਿਆਂ ਬਾਰੇ ਚੇਤਾਵਨੀ ਜਾਰੀ ਕਰ ਦਿੱਤੀ ਹੈ, ਕਿਉਂਕਿ ਹੁਣ ਕਈ ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਨਾਲ ਲੋਕਾਂ ਦੀ ਸਿਹਤ ਵਿਗੜਣ ਦਾ ਖ਼ਤਰਾ ਸਾਹਮਣੇ ਹੈ। ਇਹਨਾਂ ਸਭ ਖ਼ਤਰਿਆਂ ਨੂੰ ਵੇਖਦਿਆਂ **ਯੂਨਾਈਟਿਡ ਸਿੱਖਸ** ਵੱਲੋਂ ਪੂਰੀ ਤਰ੍ਹਾਂ ਨਾਲ ਇਸ ਆਫ਼ਤ ਨਾਲ ਨਜਿੱਠਣ ਲਈ ਜ਼ਮੀਨੀ ਪੱਧਰ 'ਤੇ ਰਾਹਤ ਪ੍ਰੋਗਰਾਮ ਚਲਾਇਆ ਗਿਆ ਹੈ, ਜਿਸਦੇ ਤਹਿਤ ਦਵਾਈਆਂ ਅਤੇ ਕਬਾਇਲੀ ਇਲਾਕਿਆਂ 'ਚ, ਜਿੱਥੇ ਅੱਜ ਵੀ ਲੋਕ ਮਾਨਸੂਨ ਤੋਂ ਬਾਅਦ ਚਿੱਕੜ ਆਦਿ ਵਿੱਚ ਵਹਿ ਗਏ ਜਾਂ ਉੱਥੇ ਹੀ ਫ਼ਸੇ ਹੋਏ ਹਨ, ਲਈ ਪੂਰੀ ਤਰ੍ਹਾਂ ਸਿਹਤ ਦਾ ਨਿਰੀਖਣ ਕਰਨ ਦਾ ਸਮਾਨ, ਦਵਾਈਆਂ ਦੇ ਨਾਲ-ਨਾਲ ਮੁਹੱਈਆ ਕਰਾਇਆ ਜਾ ਰਿਹਾ ਹੈ।

ਇਸ ਆਫ਼ਤ ਲਈ **ਯੂਨਾਈਟਿਡ ਸਿੱਖਸ** ਵੱਲੋਂ ਰਾਹਤ ਕੋ-ਆੱਰਡੀਨੇਟਰ **ਸ. ਮੋਹਿੰਦਰਜੀਤ ਸਿੰਘ** ਦਾ ਕਹਿਣਾ ਹੈ,"ਸਾਡੇ ਬੱਚੇ ਅਤੇ ਵੱਡੇ ਇਹਨਾ ਹੋਣ ਵਾਲੀਆਂ ਬਿਮਾਰੀਆਂ ਦੇ ਨਿਸ਼ਾਨੇ 'ਤੇ ਵੱਧ ਹਨ, ਜੋ ਕਿ ਜਾਨਲੇਵਾ ਹੋ ਸਕਦੀਆਂ ਹਨ, ਖ਼ਾਸ ਕਰਕੇ ਜੇ ਉਹਨਾਂ ਨੂੰ ਸਹੀ ਸਮੇਂ 'ਤੇ ਦਵਾਈਆਂ ਜਾਂ ਟੀਕੇ ਨਾ ਲਾਏ ਗਏ, ਜੋ ਉਹਨਾਂ ਨੂੰ ਮਿਲਣੇ ਜ਼ਰੂਰੀ ਹਨ।" ਉਹਨਾਂ ਅੱਗੇ ਕਿਹਾ,"ਸਾਡੇ ਸਿੱਖ ਏਡ ਪ੍ਰੋਗਰਾਮ ਦੇ ਤਹਿਤ ਸਾਡਾ ਫ਼ਰਜ਼ ਹੈ ਕਿ ਅਸੀਂ ਹਰ ਲੋੜਵੰਦ ਦੀ ਮਦਦ ਕਰੀਏ, ਭਾਵੇਂ ਉਹ ਧਰਤੀ ਦੇ ਬਹੁਤ ਹੀ ਸੁੰਨਸਾਨ ਤੇ ਦੂਰ-ਦੁਰਾਡੇ ਇਲਾਕਿਆਂ ਤੱਕ ਪਹੁੰਚ ਕੇ ਹੀ ਕਿਉਂ ਨਾ ਕਰਨੀ ਪਵੇ। ਇਸ ਮਨੁੱਖਤਾਵਾਦੀ ਔਖੀ ਘੜੀ 'ਚ ਅਸੀਂ ਸਾਡੇ ਮਾਹਿਰ ਅਤੇ ਸਮਰਪਿਤ ਡਾਕਟਰਾਂ ਦੇ ਨਾਲ-ਨਾਲ ਉਹਨਾਂ ਦੇ ਸਹਾਇਕ ਸਿਹਤ ਜਾਂਚਕਰਤਾਵਾਂ 'ਤੇ ਨਿਰਭਰ ਕਰਦੇ ਹਾਂ।"

"ਆਮ ਤੌਰ 'ਤੇ ਹੜ੍ਹਾਂ ਤੋਂ ਬਾਅਦ ਲੈਪਟੋਸਪਾਇਰਸਿਸ, ਪੇਚਸ, ਮਲੇਰੀਆ ਅਤੇ ਵਾਇਰਲ-ਫ਼ਲੂ ਵਰਗੀਆਂ ਬਿਮਾਰੀਆਂ ਫ਼ੈਲ ਜਾਂਦੀਆਂ ਹਨ," ਯੂਨਾਈਟਿਡ ਸਿੱਖਸ ਦੀ ਰਾਹਤ ਟੀਮ ਦੇ ਸਵੈ-ਸੇਵਕ ਅਤੇ ਆੱਲ ਇੰਡੀਆ ਇੰਸਟੀਚਿਊਟ ਆੱਫ਼ ਮੈਡੀਕਲ ਸਾਇੰਸਿਸ ਦੇ ਰੈਜ਼ੀਡੈਂਟ ਡਾਕਟਰਾਂ ਦੇ ਵਾਈਸ ਪ੍ਰੈਜ਼ੀਡੈਂਟ, **ਡਾ. ਅਭੀਸ਼ੇਕ ਅਗਰਵਾਲ** ਨੇ ਕਿਹਾ। ਉਹਨਾਂ ਕਿਹਾ,"ਸਥਾਨਕ ਲੋਕਾਂ ਲਈ ਹਾਈਡ੍ਰੇਸ਼ਨ ਬਣਾਈ ਰੱਖਣਾ, ਸਹੀ ਪੋਸ਼ਣ ਅਤੇ ਡਾਕਟਰੀ ਸਹਾਇਤਾ ਬਹੁਤ ਜ਼ਰੂਰੀ ਹੈ, ਖ਼ਾਸਕਰ ਗਰਭਵਤੀ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਲਈ। ਯੂਨਾਈਟਿਡ ਸਿੱਖਸ ਵੱਲੋਂ ਸਿਹਤ ਦੀ ਜਾਂਚ ਅਤੇ ਤੁਰਦੀ-ਫ਼ਿਰਦੀ ਫ਼ਾਰਮੇਸੀ ਮੁਹੱਈਆ ਕਰਾਉਣਾ, ਇਸ ਆਫ਼ਤ ਵਿੱਚ ਪੀੜਤਾਂ ਨੂੰ ਦੂਰ-ਦੁਰਾਡੇ ਇਲਾਕਿਆਂ 'ਚ ਜ਼ਰੂਰੀ ਸ੍ਰੋਤ ਮੁਹੱਈਆ ਕਰਾਉਣਾ ਇੱਕ ਮਹਾਨ ਕੋਸ਼ਿਸ਼ ਹੈ।"

**ਤਸਵੀਰ:-** ਯੂਨਾਇਟਿਡ ਸਿੱਖਸ ਸਿਹਤ ਸੰਭਾਲ ਕੈਂਪ 'ਚ ਸਥਾਨਕ ਪਰਿਵਾਰਾਂ ਨੂੰ ਮਿਲਦੇ ਹੋਏ ਡਾਕਟਰ।

**ਯੂਨਾਈਟਿਡ ਸਿੱਖਸ** ਦੀ ਡਾਕਟਰ ਅਭਿਸ਼ੇਕ ਅਗਰਵਾਲ ਦੀ ਅਗਵਾਈ ਹੇਠ ਡਾਕਟਰਾਂ ਅਤੇ ਸਿਹਤ ਸੰਭਾਲ ਕਾਰਜਕਰਤਾਵਾਂ ਦੀ ਟੀਮ ਨੇ ਕਈ ਔਕੜਾਂ ਭਰੇ ਰਾਹਾਂ ਨੂੰ ਅਤੇ ਹੜ੍ਹ ਪੀੜਤ ਇਲਾਕਿਆਂ ਦੇ ਪਾਣੀ ਨੂੰ ਪਾਰ ਕਰਕੇ ਵਿਆਨਦ ਵਰਗੇ ਅੰਦਰੂਨੀ ਕਬਾਇਲੀ ਇਲਾਕੇ ਤੱਕ ਪਹੁੰਚ ਕੀਤੀ ਅਤੇ ਉੱਥੇ 100 ਤੋਂ ਵੀ ਵੱਡ ਸਥਾਨਕ ਲੋਕਾਂ ਨੂੰ ਡਾਕਟਰੀ ਸਹਾਇਤਾ ਅਤੇ ਜਾਂਚ ਮੁਹੱਈਆ ਕਰਾਈ। ਇਸ ਆਫ਼ਤ ਤੋਂ ਬਾਅਦ ਲੋਕਾਂ ਨੂੰ ਸਹੀ ਮਾਤਰਾ 'ਚ ਪੋਸ਼ਣ ਭਰਪੂਰ ਖਾਣਾ ਮੁਹੱਈਆ ਕਰਾਉਣ ਲਈ ਇਸ ਸੰਸਥਾ ਨੇ ਸਥਾਨਕ ਲੋਕਾਂ ਨੂੰ ਰੋਜ਼ ਗਰਮ ਖਾਣਾ ਮੁਹੱਈਆ ਕਰਾਇਆ ਅਤੇ ਹਲੇ ਵੀ ਸੁੱਕੀ ਰਸਦ ਅਤੇ ਹੋਰ ਘਰੇਲੂ ਸਮਾਨ, ਮੁਹੱਈਆ ਕਰਾਇਆ ਜਾ ਰਿਹਾ ਹੈ, ਜਿਵੇਂ ਕਿ:

- 20 ਥੈਲੇ ਚੌਲ (25 ਕਿੱਲੋ ਪ੍ਰਤੀ ਥੈਲਾ)
- 3 ਥੈਲੇ ਦਾਲਾਂ (120 ਕਿੱਲੋ ਪ੍ਰਤੀ ਥੈਲਾ)
- 3 ਕੇਨ ਰਿਫ਼ਾਇੰਡ ਤੇਲ (45 ਕਿੱਲੋ ਪ੍ਰਤੀ ਕੈਨ)
- ਪਿਆਜ਼ (100 ਕਿੱਲੋ)
- ਟਮਾਟਰ (80 ਕਿੱਲੋ)
- ਆਲੂ (50 ਕਿੱਲੋ)
- ਖਾਣਾ ਪਕਾਉਣ ਲਈ ਕਈ ਤਰ੍ਹਾਂ ਦੇ ਮਸਾਲੇ
- ਦਵਾਈਆਂ (30 ਹਜ਼ਾਰ ਦੀਆਂ)
- ਕੰਬਲ ਅਤੇ ਘਰੇਲੂ ਸਮਾਨ ਜਿਵੇਂ, ਭਾਂਡੇ, ਨੈਪਕਿਨ, ਟੋਕਰੀਆਂ, ਸਾਬਣ ਆਦਿ।

**ਤਸਵੀਰ:-** ਸਿੱਖ ਏਡ ਰਿਲੀਫ਼ ਦੀ ਟੀਮ ਪੀੜਤਾਂ 'ਚ ਵੰਡਣ ਲਈ ਰਸਦ ਖ਼ਰੀਦਦਿਆਂ।

ਸੂਬਾ ਸਰਕਾਰ ਦੇ ਮੁਤਾਬਕ ਕੇਰਲ ਦੇ ਇਹਨਾਂ ਹੜ੍ਹਾਂ ਵਿੱਚ ਅੰਦਾਜ਼ਨ 400 ਲੋਕਾਂ ਦੀ ਮੌਤ ਹੋਈ ਹੈ ਅਤੇ ਕਈ ਜ਼ਿਲਿਆਂ 'ਚ ਹਜ਼ਾਰਾਂ ਹੀ ਲੋਕ ਬੇਘਰ ਹੋਏ ਹਨ। ਕਿਸਾਨ ਅਤੇ ਹੋਰ ਕਾਮੇ ਇਸ ਵੇਲੇ ਵੱਡੇ ਪੱਧਰ 'ਤੇ ਫ਼ਸਲਾਂ ਅਤੇ ਹੋਰ ਸਮਾਜਿਕ ਢਾਂਚੇ ਦੇ ਤਬਾਹ ਹੋਣ ਕਰਕੇ ਬੇਰੁਜ਼ਗਾਰ ਹੋ ਚੁੱਕੇ ਹਨ। **ਯੂਨਾਈਟਿਡ ਸਿੱਖਸ** ਜ਼ਮੀਨੀ ਪੱਧਰ 'ਤੇ ਇਹਨਾਂ ਹਾਲਾਤ ਦਾ ਜਾਇਜ਼ਾ ਲੈਂਦਾ ਰਹੇਗਾ ਅਤੇ ਲੰਮੇ ਸਮੇਂ ਤੱਕ ਇਸਦੇ ਹੱਲ ਅਤੇ ਮੁਰੰਮਤ ਵਿੱਚ ਮਦਦ ਕਰਦਾ ਰਹੇਗਾ।

ਹਾਲਾਤ ਮੁੜ ਸੁਧਾਰਣ ਲਈ ਇਹ ਸੰਸਥਾ ਸਥਾਨਕ ਲੋਕਾਂ ਨੂੰ ਡਾਇਰੈਕੋਰੇਟ ਆੱਫ਼ ਹੈਲਥ ਸਰਵਿਸਿਸ ਵੱਲੋਂ ਜਾਰੀ ਕੀਤੀਆਂ ਗਈਆਂ ਇਹਨਾਂ ਹਦਾਇਤਾਂ ਨੂੰ ਮੰਨਣ ਲਈ ਬੇਨਤੀ ਕਰਦੀ ਹੈ:

1. ਜਦੋਂ ਤੱਕ ਕਿ ਸੁਰੱਖਿਅਤ ਨਾ ਹੋਵੇ (ਢਾਂਚੇ ਪੱਖੋਂ, ਬਿਜਲੀ, ਖਾਣਾ ਪਕਾਉਣ ਲਈ ਗੈਸ ਆਦਿ), ਲੋਕ ਓਦੋਂ ਤੱਕ ਆਪਣੇ ਘਰਾਂ ਵੱਲ ਨਾ ਪਰਤਣ।

2. ਕਾਰਬਨ ਮੋਨੋਆੱਕਸਾਈਡ ਵਰਗੀਆਂ ਜ਼ਹਿਰੀਆਂ ਗੈਸਾਂ ਦੇ ਪ੍ਰਭਾਵ ਤੋਂ ਬਚਿਆ ਜਾਵੇ, ਖ਼ਾਸ ਤੌਰ 'ਤੇ ਜਿੱਥੇ ਜੈਨੇਰੇਟਰ ਆਦਿ ਦੀ ਵਰਤੋਂ ਜ਼ਿਆਦਾ ਅਤੇ ਲਗਾਤਾਰ ਹੁੰਦੀ ਹੋਵੇ। ਇਸ ਸਭ ਤੋਂ ਬਚਣ ਦਾ ਇਹੀ ਤਰੀਕਾ ਹੈ ਕਿ ਜੈਨੇਰੇਟਰ ਨੂੰ ਨੇੜਲੀਆਂ ਥਾਂਵਾਂ 'ਤੇ ਨਾ ਲਾਇਆ ਜਾਵੇ ਅਤੇ ਜਗ੍ਹਾ ਪੂਰੇ ਤਰੀਕੇ ਨਾਲ ਹਵਾਦਾਰ ਹੋਵੇ।

3. ਯਾਦ ਰੱਖੋ, ਹੜ੍ਹਾਂ ਨਾਲ ਧਰਤੀ ਦੀ ਸਤਹਿ ਦਾ ਪਾਣੀ ਅਤੇ ਖਾਣਾ ਦੂਸ਼ਿਤ ਹੋਣ ਦਾ ਖ਼ਤਰਾ ਹੁੰਦਾ ਹੈ। ਇਸ ਲਈ, ਜਦੋਂ ਤੱਕ ਸਭ ਸਾਫ਼ ਨਹੀਂ ਹੋ ਜਾਂਦਾ, ਓਦੋਂ ਤੱਕ ਪੂਰੇ ਤੌਰ 'ਤੇ ਸਫ਼ਾਈ ਅਤੇ ਸੈਨੇਟਰੀ ਸਾਵਧਾਨੀਆਂ ਅਪਣਾਓ।

4. ਘਰਾਂ ਵਿੱਚ ਬਿਜਲਈ ਉਪਕਰਣਾਂ, ਮੁੱਖ ਸਵਿੱਚ/ਘਰੇਲੂ ਉਪਕਰਣਾਂ ਵਗੈਰਾ ਦੇ ਸਵਿੱਚ ਚਾਲੂ ਕਰਣ ਤੋਂ ਪਹਿਲਾਂ ਕਿਸੇ ਬਿਜਲੀ ਵਾਲੇ ਤੋਂ ਉਹਨਾਂ ਸਭ ਦਾ ਸੁਰੱਖਿਅਤ ਹੋਣਾ ਯਕੀਨੀ ਬਣਾਓ।

5. ਘਰਾਂ ਦੀਆਂ ਪਰਛੱਤੀਆਂ/ਸਟੋਰ ਆਦਿ ਵਾਲੀਆਂ ਥਾਂਵਾਂ 'ਤੇ ਲੁਕੇ ਹੋਏ ਰੇਂਗਣ ਵਾਲੇ ਜੀਵਾਂ ਤੋਂ ਸਾਵਧਾਨੀ ਵਰਤੋ, ਜਿਵੇਂ, ਸੱਪ ਆਦਿ।

6. ਕ੍ਰਿਪਾ ਕਰਕੇ ਸਿਹਤ ਵਿਭਾਗ ਦੇ ਅਫ਼ਸਰਾਂ ਵੱਲੋਂ ਦਿੱਤੀਆਂ ਗਈਆਂ ਤਕਨੀਕੀ ਹਦਾਇਤਾਂ 'ਤੇ ਅਮਲ ਕਰੋ।

**ਤਸਵੀਰ:-** ਯੂਨਾਈਟਿਡ ਸਿੱਖਸ ਦੀ ਸਿਹਤ ਸੰਭਾਲ ਟੀਮ ਨਾਲ ਸਥਾਨਕ ਲੋਕ ਸਮਾਂ ਬਿਤਾਉਂਦੇ ਹੋਏ।

**ਯੂਨਾਈਟਿਡ ਸਿੱਖਸ** ਵੱਲੋਂ ਸ਼੍ਰੀ ਸੰਕਰਾ ਵਿੱਦਿਆ ਨਿਕੇਤਨ ਸਕੂਲ ਵਿਖੇ ਖਾਣੇ ਦੀ ਸੇਵਾ ਲਈ ਬੇਸ ਕੈਂਪ ਲਾਇਆ ਗਿਆ ਹੈ। ਸਿੱਖ ਏਡ ਰਿਲੀਫ਼ ਦੀਆਂ ਕੋਸ਼ਿਸ਼ਾਂ 'ਚ ਆਪਣਾ ਯੋਗਦਾਨ ਪਾਉਣ ਲਈ, ਦਾਨ ਦੇਣ ਲਈ ਇੱਥੇ ਕਲਿਕ ਕਰੋ। ਕਿਸੇ ਵੀ ਤਰ੍ਹਾਂ ਦੀ ਸਿਹਤ ਸਬੰਧੀ ਸਲਾਹ ਲਈ, ਕ੍ਰਿਪਾ ਕਰਕੇ ਸਿਹਤ ਵਿਭਾਗ ਐਨਐਚਐਮ ਦੀ 24 ਘੰਟੇ ਚੱਲਣ ਵਾਲੀ ਹੈਲਪਲਾਈਨ 'ਦਿਸ਼ਾ' 'ਤੇ ਕਾੱਲ ਕਰੋ:- 0471-2552056 ਜਾਂ ਟਾੱਲ ਫ਼੍ਰੀ ਨੰਬਰ1056 'ਤੇ ਕਾੱਲ ਕਰੋ।

**ਦਾਨ ਕਰੋ**

ਜਾਰੀ ਕਰਤਾ:

ਨਵਨੀਤ ਕੌਰ

ਨਿਰਦੇਸ਼ਕ, ਯੂਨਾਈਟਿਡ ਸਿੱਖਸ, ਭਾਰਤ

ਈ-ਮੇਲ: sikhaid@unitedsikhs.org

**ਯੂਨਾਈਟਿਡ ਸਿੱਖਸ ਬਾਰੇ**

**ਯੂਨਾਈਟਿਡ ਸੱਖਸ** ਯੂਨਾਈਟਿਡ ਨੇਸ਼ਨਜ਼ ਵੱਲੋਂ ਪ੍ਰਮਾਣਿਤ, 10 ਭਾਗਾਂ 'ਚ ਰਜਿਸਟਰਡ, ਕੌਮਾਂਤਰੀ ਦਾਨ ਦੇਣ ਵਾਲੀ ਜਥੇਬੰਦੀ ਹੈ, ਜੋ ਸਮਾਜਿਕ ਅਤੇ ਮਨੁੱਖੀ ਅਧਿਕਾਰਾਂ ਦੀ ਪੈਰ੍ਹਵੀ ਕਰਦੀ ਹੈ। ਸਾਡੀ ਕੌਮਾਂਤਰੀ ਸਮਾਜਿਕ ਅਤੇ ਮਨੁੱਖੀ ਅਧਿਕਾਰਾਂ ਦੀ ਇਹ ਸੰਸਥਾ ਘੱਟ ਗਿਣਤੀਆਂ ਅਤੇ ਸੰਸਾਰ ਦੇ ਹੋਰ ਹਾਸ਼ੀਏ 'ਤੇ ਆ ਚੁੱਕੇ ਗੁੱਟ, ਅਤੇ ਹੋਰ ਲੋੜਵੰਦਾਂ ਦੀ, ਬਿਨਾਂ ਕਿਸੇ ਧਰਮ, ਜ਼ਾਤ, ਲਿੰਗ, ਜਿਨਸੀ ਰੁਝਾਨ, ਸਮਾਜਿਕ ਰੁਤਬੇ, ਉਮਰ ਅਤੇ ਯੋਗਤਾ ਦੇ ਅਧਾਰ 'ਤੇ, ਆਰਥਿਕ, ਸਮਾਜਿਕ ਅਤੇ ਧਾਰਮਿਕ ਸਸ਼ਕਤੀਕਰਣ ਦੀ ਪੈਰ੍ਹਵੀ ਕਰਦੀ ਹੈ। ਅਸੀਂ ਇਸ ਸਭ ਟੀਚੇ ਨੂੰ ਅਮਰੀਕਾ, ਯੂਰੋਪ ਅਤੇ ਏਸ਼ੀਆ ਦੇ ਘੱਟ ਗਿਣਤੀਆਂ ਅਤੇ ਹਾਸ਼ੀਏ 'ਤੇ ਜਾ ਚੁੱਕੇ ਹੋਰ ਗੁੱਟਾਂ ਸਮਾਜਿਕ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਕੇ ਅਤੇ ਉਹਨਾਂ ਨਿਯਮਾਂ ਨੂੰ ਲਾਗੂ ਅਤੇ ਪਾਲਣਾ ਕਰਕੇ ਹਾਸਿਲ ਕਰਦੇ ਹਾਂ।

ਤੁਸੀਂ ਸਾਡੇ ਪ੍ਰੋਜੈਕਟਾਂ ਬਾਰੇ ਸਾਡੀ ਵੈਬਸਾਈਟ 'ਤੇ ਪੜ੍ਹ ਸਕਦੇ ਹੋ:
www.unitedsikhs.org